GOVERNMENT OF WESTERN AUSTRALIA

PathWest LABORATORY MEDICINE WA

# ਮਿਡਸਟ੍ਰੀਮ ਪਿਸ਼ਾਬ ਦਾ ਨਮੂਨਾ ਇਕੱਠਾ ਕਰਨਾ



ਬੁਕਿੰਗ ਕਰਵਾਉਣ ਦੀ ਲੋੜ ਨਹੀਂ ਹੈ

Punjabi | ਪੰਜਾਬੀ

ਜੇਕਰ ਪਿਸ਼ਾਬ ਦਾ ਨਮੂਨਾ ਫਰਿੱਜ ਵਿੱਚ ਨਹੀਂ ਰੱਖਿਆ ਜਾਂਦਾ ਹੈ ਜਾਂ ਇਸਨੂੰ PathWest ਪਹੁੰਚਾਉਣ ਵਿੱਚ ਦੇਰੀ ਹੁੰਦੀ ਹੈ, ਤਾਂ ਨਮੂਨੇ ਵਿੱਚ ਬੈਕਟੀਰੀਆ ਵੱਧ ਸਕਦੇ ਹਨ। ਇਹ ਤੁਹਾਡੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਤੁਹਾਨੂੰ ਟੈਸਟ ਦੁਹਰਾਉਣ ਲਈ ਕਿਹਾ ਜਾ ਸਕਦਾ ਹੈ।

**ਤੁਹਾਨੂੰ ਆਪਣੇ ਨਮੂਨੇ ਲਈ ਇੱਕ ਸਟੀਰਾਈਲ (ਬੈਕਟੀਰੀਆ-ਰਹਿਤ) ਕੰਟੇਨਰ ਪ੍ਰਦਾਨ ਕੀਤਾ ਗਿਆ ਹੋਣਾ ਚਾਹੀਦਾ ਹੈ। ਜੇਕਰ ਕੰਟੇਨਰ ਟੁੱਟ ਗਿਆ ਹੈ ਜਾਂ ਤੁਸੀਂ ਅੰਦਰਲੀ ਸਤ੍ਹਾ ਨੂੰ ਛੂਹ ਲਿਆ ਹੈ, ਤਾਂ ਕਿਰਪਾ ਕਰਕੇ ਨਵੇਂ ਕੰਟੇਨਰ ਨੂੰ ਲੈਣ ਲਈ ਬੇਨਤੀ ਕਰੋ**

1. ਆਪਣੇ ਨਮੂਨੇ ਲੈਣ ਤੋਂ ਪਹਿਲਾਂ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਧੋਵੋ ਅਤੇ ਸੁਕਾਓ।
2. ਕੰਟੇਨਰ ਉੱਪਰ ਆਪਣਾ **ਪੂਰਾ ਨਾਮ, ਜਨਮ ਮਿਤੀ ਅਤੇ ਨਮੂਨਾ ਇਕੱਠਾ ਕਰਨ ਦੀ ਮਿਤੀ ਅਤੇ ਸਮਾਂ ਲਿਖੋ।**
3. **ਔਰਤਾਂ ਲਈ:** ਟਾਇਲਟ 'ਤੇ ਲੱਤਾਂ ਦੋਵੇਂ ਪਾਸੇ ਪਸਾਰ ਕੇ ਬੈਠੋ ਅਤੇ ਇੱਕ ਸਾਫ਼ ਵਾਈਪ ਨਾਲ ਆਪਣੀ ਯੋਨੀ ਨੂੰ ਅੱਗੇ ਤੋਂ ਪਿੱਛੇ ਵੱਲ ਸਾਫ਼ ਕਰੋ।

   **ਪੁਰਸ਼ਾਂ ਲਈ:** ਇੱਕ ਸਾਫ਼ ਵਾਈਪ ਨਾਲ ਆਪਣੀ ਪੁਰਸ਼-ਇੰਦਰੀ ਨੂੰ ਸਾਫ਼ ਕਰੋ। ਜੇਕਰ ਸੁੰਨਤ ਨਹੀਂ ਕੀਤੀ ਗਈ ਹੈ, ਤਾਂ ਆਪਣੀ ਮੂਹਰਲੀ ਚਮੜੀ ਨੂੰ ਪਿੱਛੇ ਨੂੰ ਕਰੋ ਅਤੇ ਸਾਫ਼ ਕਰੋ।
4. ਟਾਇਲਟ ਵਿੱਚ ਪਿਸ਼ਾਬ ਕਰਨਾ ਸ਼ੁਰੂ ਕਰੋ। 3 ਸਕਿੰਟਾਂ ਬਾਅਦ, ਕੰਟੇਨਰ ਨੂੰ 4-6 ਸਕਿੰਟਾਂ ਲਈ ਪਿਸ਼ਾਬ ਦੀ ਧਾਰਾ ਵਿੱਚ ਰੱਖੋ ਜਾਂ ਜਦੋਂ ਤੱਕ ਇਹ **10-20 ਮਿਲੀਲੀਟਰ** ਨਹੀਂ ਭਰ ਜਾਂਦਾ, ਫਿਰ ਇਸ ਕੰਟੇਨਰ ਨੂੰ ਹਟਾਓ ਅਤੇ ਟਾਇਲਟ ਵਿੱਚ ਪਿਸ਼ਾਬ ਕਰਨਾ ਜਾਰੀ ਰੱਖੋ।
5. ਕੰਟੇਨਰ ਨੂੰ ਲੀਕ ਹੋਣ ਤੋਂ ਰੋਕਣ ਲਈ ਸੁਰੱਖਿਅਤ ਢੰਗ ਨਾਲ ਸੀਲ ਕਰੋ। ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।

## ਨਮੂਨੇ ਦੀ ਸੰਭਾਲ, ਸਟੋਰੇਜ ਅਤੇ ਡਿਲੀਵਰੀ

### ਜੇਕਰ ਤੁਸੀਂ ਨਮੂਨਾ ਇਕੱਠਾ ਕਰਨ ਵਾਲੇ ਸੈਂਟਰ ਵਿੱਚ ਹੋ

ਕੰਟੇਨਰ ਨੂੰ ਤੁਹਾਨੂੰ ਦਿੱਤੇ ਗਏ ਪਲਾਸਟਿਕ ਦੇ ਬੈਗ ਵਿੱਚ ਪਾਓ ਅਤੇ ਇਸਨੂੰ ਸਟਾਫ਼ ਮੈਂਬਰ ਨੂੰ ਸੌਂਪ ਦਿਓ।

### ਜੇਕਰ ਤੁਸੀਂ ਘਰ ਵਿੱਚ ਨਮੂਨਾ ਇਕੱਠਾ ਕਰ ਰਹੇ ਹੋ

ਇਸਨੂੰ ਇੱਕ **ਘੰਟੇ ਦੇ ਅੰਦਰ-ਅੰਦਰ** PathWest ਦੇ ਨਮੂਨਾ ਇਕੱਠਾ ਕਰਨ ਵਾਲੇ ਸੈਂਟਰ ਵਿੱਚ ਪਹੁੰਚਾਓ। ਜੇਕਰ ਤੁਰੰਤ ਡਿਲੀਵਰੀ ਸੰਭਵ ਨਹੀਂ ਹੈ, ਤਾਂ ਨਮੂਨੇ ਨੂੰ ਇੱਕ ਵਾਧੂ ਸੀਲਬੰਦ ਬੈਗ ਵਿੱਚ ਪਾ ਕੇ 12 ਘੰਟਿਆਂ ਤੱਕ ਫਰਿੱਜ ਵਿੱਚ ਸਟੋਰ ਕਰੋ (ਫ੍ਰੀਜ਼ਰ ਵਿੱਚ ਨਹੀਂ)।

ਬੇਦਾਅਵਾ: ਇਹ ਪ੍ਰਕਾਸ਼ਨ ਆਮ ਸਿੱਖਿਆ ਅਤੇ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਕਿਸੇ ਵੀ ਕਿਸਮ ਦੀ ਡਾਕਟਰੀ ਸਲਾਹ ਦੀ ਲੋੜ ਲਈ ਕਿਸੇ ਯੋਗਤਾ ਪ੍ਰਾਪਤ ਸਿਹਤ-ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।
© State of Western Australia, PathWest Laboratory Medicine WA 2024

13 PATH (7284) info.pathwest@health.wa.gov.au pathwest.health.wa.gov.au